# जाप जोगी पौणाहारी दा

ਜਾਪੁ ਜੋਗੀ ਪੌਣਾਹਾਰੀ ਦਾ

ਪਾਰ, ਲੰਘ ਜਾਓ,,, ਜੀ ਨਾਮ ਜਪ ਕੇ ॥
ਸਿੱਧਾ,, ਭਵ ਸਾਗਰ ਵਿੱਚੋਂ ਤਾਰੇ,
ਜੀ ਜਾਪੁ ਜੋਗੀ ਜੈ ਹੋ , ਪੌਣਾਹਾਰੀ ਦਾ
ਗੇੜ੍ਹੇ,, ਕੱਟਦਾ ਚੌਰਾਸੀ ਵਾਲੇ ਸਾਰੇ ॥
ਹਰੀ ਓਮ, ਸਿਧਾਏ ਨਮੋ,

ਜਾਪ ਚਿਰਾਗ਼, ਬਿਨਾਂ ਤੇਲ-ਬੱਤੀ ਜੱਗਦਾ,
"ਕੰਨਾਂ ਵਿੱਚ ਰਸ ਘੋਲ੍ਹੇ, ਬੜਾ ਮਿੱਠਾ ਲੱਗਦਾ" ॥
ਦੋ ਵੇਲੇ, ਜੇਹੜੇ ਜਾਪ ਕਰਦੇ ਹੁੰਦੇ...
ਉਹਨਾਂ ਦੇ ਹੀ, ਪਾਰ ਉਤਾਰੇ,
ਜੀ ਜਾਪੁ ਜੋਗੀ,,,ਜੈ ਹੋ , ਪੌਣਾਹਾਰੀ ਦਾ
ਗੇੜ੍ਹੇ,, ਕੱਟਦਾ ਚੌਰਾਸੀ ਵਾਲੇ ਸਾਰੇ ॥
ਹਰੀ ਓਮ, ਸਿਧਾਏ ਨਮੋ,

ਵਹਿਮਾਂ ਤੇ ਭਰਮਾ ਨੂੰ, ਜੜ੍ਹਾਂ ਤੋਂ ਹੀ ਵੱਢਦਾ,
"ਭਗਤੋ ਪਿਆਰ ਓਹਨੂੰ, ਥੋੜ ਨਹੀਂਓਂ ਛੱਡਦਾ" ॥
ਵੇ ਘਰ 'ਚ, ਲਿਆਵੇ ਖੁਸ਼ੀਆਂ ਨਾਲੇ,
ਮੇਹਰਾਂ ਵਾਲੀ, ਮਹਿਕ ਖਿੱਲਾਰੇ,
ਜੀ ਜਾਪੁ ਜੋਗੀ,,,ਜੈ ਹੋ , ਪੌਣਾਹਾਰੀ ਦਾ
ਗੇੜ੍ਹੇ,, ਕੱਟਦਾ ਚੌਰਾਸੀ ਵਾਲੇ ਸਾਰੇ ॥
ਹਰੀ ਓਮ, ਸਿਧਾਏ ਨਮੋ,...

ਬਾਬਾ ਜੀ ਦਾ ਜਾਪ ਕਰੇ, ਸੱਚੇ ਦਿਲ ਨਾਲ ਜੋ,
ਰੀਤ ਬਲਿਹਾਰ ਵਾਂਗੂ, ਹੁੰਦਾ ਮਾਲੋ ਮਾਲ ਓਹ" ॥
ਜੋਗੀ ਦੀ ਜੇਹੜੇ, ਓਟ ਤੱਕਦੇ......ਦੁੱਖ,
ਮਿੱਟ ਜਾਂਦੇ, ਜ਼ਿੰਦਗੀ ਦੇ ਸਾਰੇ,
ਜੀ ਜਾਪੁ ਜੋਗ,ਜੈ ਹੋ , ਪੌਣਾਹਾਰੀ ਦਾ,
ਗੇੜ੍ਹੇ, ਕੱਟਦਾ ਚੌਰਾਸੀ ਵਾਲੇ ਸਾਰੇ ॥
ਹਰੀ ਓਮ, ਸਿਧਾਏ ਨਮੋ,....।

ਅਪਲੋਡਰ- ਅਨਿਲਰਾਮੂਰਤੀਭੋਪਾਲ

https://www.bhajanganga.com/bhajan/lyrics/id/33233/title/Jaap-Jogi-Paunahari-Da

अपने Android मोबाइल पर BhajanGanga App डाउनलोड करें और भजनों का आनंद ले |